ਪੁਲਿਸ ਵਿਭਾਗ ਲੁਧਿਆਣਾ (ਦਿਹਾਤੀ)

## ਰੋਜਾਨਾ ਕਰਾਇਮ ਰਿਪੋਰਟ ਮਿਤੀ 19.07.2024

### ਦਰਜ ਹੋਏ ਮੁਕੱਦਮਾ

| ਲੜੀ ਨੰ: | ਥਾਣਾ | ਮੁੱ.ਨੰ. ਅਤੇ ਮਿਤੀ | ਅਧੀਨ ਧਾਰਾ | ਮੁਦਈ ਦਾ ਪੂਰਾ ਨਾਮ ਅਤੇ ਮੋ:ਨੰ: | ਦੋਸ਼ੀਆਂ ਦਾ ਵੇਰਵਾ | ਦੋਸ਼ੀਆ ਪਰ ਪਹਿਲਾ ਦਰਜ ਮਕੱਦਮੇ | ਸੰਖੇਪ ਹਾਲਾਤ | ਮਾਲ ਮੁਕੱਦਮਾ ਦਾ ਵੇਰਵਾ | Mobile ਦੀ ਖੋਹ | GO/ SHO | ਤਫਤੀਸ਼ੀ ਅਫਸਰ |
|---|---|---|---|---|---|---|---|---|---|---|---|
| 1. | ਜੋਧਾਂ | 60 ਮਿਤੀ 19.07.24 | 306 IPC | ਹਰਮਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਮਿੰਨੀ ਛਪਾਰ | 1.ਜਸਵੀਰ ਕੋਰ ਪੁੱਤਰੀ ਚਰਨਜੀਤ ਸਿੰਘ<br>2.ਇੰਦਰਜੀਤ ਕੋਰ ਪਤਨੀ ਚਰਨਜੀਤ ਸਿੰਘ<br>3.ਚਰਨਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀਆਨ ਨਾਰੰਗਵਾਲ | -- | ਸੰਖੇਪ ਹਾਲਾਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਮੁਕੱਦਮਾ ਉਕਤ ਬਰ ਬਿਆਨ ਹਰਮਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਮਿੰਨੀ ਛਪਾਰ ਦੇ ਬਿਆਨ ਪਰ ਦਰਜ ਰਜਿਸਟਰ ਕੀਤਾ ਗਿਆ ਕਿ ਮਿਤੀ 30.05.2024 ਨੂੰ ਸਾਨੂੰ ਪਤਾ ਲੱਗਿਆ ਕਿ ਮੇਰੇ ਬੇਟੇ ਰਜਿੰਦਰ ਸਿੰਘ ਦੀ ਮੌਤ ਹੋ ਚੁੱਕੀ ਹੈ ਜਿਸ ਤੇ ਅਸੀ ਸਾਰਾ ਹੀ ਪਰਿਵਾਰ ਅਤੇ ਰਿਸ਼ਤੇਦਾਰ ਪਿੰਡ ਨਾਰੰਗਵਾਲ ਕਲਾ ਘਰ ਪੁੱਜੇ ਤਾ ਮੇਰੇ ਲੜਕੇ ਰਜਿੰਦਰ ਸਿੰਘ ਦੀ ਲਾਸ਼ ਫਰਿਜ ਵਿੱਚ ਪਈ ਸੀ ਅਤੇ ਮੇਰੀ ਨੂੰਹ ਜਸਵੀਰ ਕੌਰ ਤੇ ਨਾ ਹੀ ਮੇਰੇ ਲੜਕੇ ਦੇ ਸਹੁਰਾ ਪਰਿਵਾਰ ਦਾ ਕੋਈ ਵੀ ਮੈਂਬਰ ਉਥੇ ਮੌਜੂਦ ਨਹੀ ਸੀ । ਮੈਨੂ ਲੱਗਿਆ ਕਿ ਮੇਰੇ ਲੜਕੇ ਦੀ ਮੌਤ ਸ਼ਾਇਦ ਹਰਟ ਅਟੈਕ ਹੋਣ ਕਰਕੇ ਹੋਈ ਹੋਵੇ ਜਿਸ ਤੇ ਅਸੀ ਕਾਰਵਾਈ ਅਧੀਨ 174 CrPC ਤਹਿਤ ਕਰਵਾ ਦਿੱਤੀ ਸੀ ਪਰ ਸਾਨੂੰ ਬਾਅਦ ਵਿੱਚ ਪਤਾ ਲੱਗਿਆ ਕਿ ਮੇਰਾ ਲੜਕਾ ਰਜਿੰਦਰ ਸਿੰਘ ਜਿਸ ਨੂੰ ਕਿ ਉਸਦੀ ਪਤਨੀ ਜਸਵੀਰ ਕੌਰ ਆਪਣੇ ਪੇਕੇ ਪਿੰਡ ਨਾਰੰਗਵਾਲ ਕਲਾ ਲੈ ਗਈ ਸੀ ਜਿਥੇ ਕਿ ਉਸਦੀ ਪਤਨੀ ਜਸਵੀਰ ਕੌਰ ਉਸਦੀ ਸੱਸ ਇੰਦਰਜੀਤ ਕੌਰ ਅਤੇ ਸਹੁਰਾ ਚਰਨਜੀਤ ਸਿੰਘ ਜੋ ਕਿ ਹਮੇਸ਼ਾ ਹੀ ਮੇਰੇ ਲੜਕੇ ਲੜਾਈ ਝਗੜਾ ਕਰਦੇ ਰਹਿੰਦੇ ਸਨ ਜਿਸ ਕਰਕੇ ਮੇਰਾ ਲੜਕਾ ਪਰੇਸ਼ਾਨ ਰਹਿਣ ਲੱਗ ਪਿਆ ਸੀ । ਮੌਤ ਤੋ ਕਰੀਬ 15 ਦਿਨ ਪਹਿਲਾ ਮੈਨੂੰ ਪਤਾ ਲੱਗਿਆ ਹੈ ਕਿ ਉਕਤਾਨ ਨੇ ਕਿਸੇ ਗੱਲ ਕਰਕੇ ਮੇਰੇ ਲੜਕੇ ਰਜਿੰਦਰ ਸਿੰਘ ਨਾਲ ਕੁੱਟਮਾਰ ਕੀਤੀ ਸੀ । ਜਿਸ ਕਰਕੇ ਮੇਰਾ ਲੜਕਾ ਇਹਨਾ ਤੋ ਬਹੁਤ ਤੰਗ ਪ੍ਰੇਸ਼ਾਨ ਰਹਿਣ ਲੱਗ ਪਿਆ ਸੀ ਤੇ ਉਸਨੇ ਉਕਤਾਨ ਤੋ ਤੰਗ ਪ੍ਰੇਸਾਨ ਹੋਣ ਕਰਕੇ ਕੋਈ ਜਹਿਰੀਲੀ ਚੀਜ ਖਾ/ਪੀ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ ।ਜੋ ਜਸਵੀਰ ਕੌਰ ਪੁੱਤਰੀ ਚਰਨਜੀਤ ਸਿੰਘ ,ਇੰਦਰਜੀਤ ਕੌਰ ਪਤਨੀ ਚਰਨਜੀਤ ਸਿੰਘ ,ਚਰਨਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀਆਨ ਨਾਰੰਗਵਾਲ ਕਲਾ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ। ਮਿਤੀ 30.05.2024 ਨੂੰ ਬਰਬਿਆਨ ਹਰਮਿੰਦਰ ਸਿੰਘ ਉਕਤ ਉਕਤ ਦੇ ਰਾਹੀ ਰਪਟ ਨੰਬਰ 24 ਮਿਤੀ 30.05.2024 ਜੇਰ ਧਾਰਾ 174 CRPC ਤਹਿਤ ਕਾਰਵਾਈ ਅਮਲ ਵਿੱਚ ਲਿਆਦੀ ਮਿਤੀ 31/05/2024 ਨੂੰ ਮ੍ਰਿਤਕ ਰਜਿੰਦਰ ਸਿੰਘ ਦਾ ਸਰਕਾਰੀ ਹਸਪਤਾਲ ਲੁਧਿਆਣਾ ਤੋ ਪੋਸਟਮਾਰਟਮ ਕਰਾਇਆ ਗਿਆ ਸੀ ।ਜੋ ਪੋਸਟ ਮਾਰਟਮ ਰਿਪੋਰਟ ਨੰਬਰ PRM/CKL/435 ਮਿਤੀ 31/05/2024 ਮੌਸੂਲ ਹੋ ਚੁੱਕੀ ਹੈ ਜਿਸ ਵਿੱਚ ਡਾਕਟਰ ਸਾਹਿਬ ਨੇ Cause of death -DEATH CAUSE OF DEATH IS POISONING HOWEVER VISCERA IS KEPT FOR CHEMICAL EXAMINATION FOR THE TYPE POISONING ਲਿਖਿਆ ਹੈ ।ਜੋ ਬਿਆਨ ਬਾਲਾ ਤੇ ਪੋਸਟਮਾਟਮ ਰਿਪੋਰਟ ਨੰਬਰੀ ਉਕਤ ਤੋ ਜੁਰਮ 306 IPC ਦਾ ਹੋਣਾ ਪਾਇਆ ਜਾਦਾ ਹੈ। ਜਿਸ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਹੈ। | -- | --- | -- | ASI ਬਲਵਿੰਦਰ ਸਿੰਘ 396 ਮੋ:80544-00396 |

| | | | | | | | | | | | |
|---|---|---|---|---|---|---|---|---|---|---|---|
| 2.. | ਦਾਖਾ | 99 ਮਿਤੀ 19.07.24 | 323, 324, 506, 34 IPC | ਸੁਖਵਿੰਦਰ ਸਿੰਘ ਪੁੱਤਰ ਬਦਨ ਸਿੰਘ ਵਾਸੀ ਚੌਕੀਮਾਨ ਥਾਣਾ ਸਦਰ ਜਗਰਾਉ ਜਿਲਾ ਲੁਧਿਆਣਾ।ਉਮਰ ਕਰੀਬ 42 ਸਾਲ। ਮੋਬਾਇਲ ਨੰਬਰ 79867-32503 | 1. ਰਿੰਕੂ ਪੁੱਤਰ ਕੁਲਦੀਪ ਸਿੰਘ<br>2. ਹਨੀ ਵਾਸੀਆਨ ਦੀਪ ਨਗਰ, ਨੇੜੇ ਰੇਲਵੇ ਸਟੇਸਨ ਮੰਡੀ ਮੁੱਲਾਪੁਰ ਅਤੇ 2 ਨਾ-ਮਲੂਮ ਨੋਜਵਾਨ | -- | ਮੁਦੱਈ ਨੇ ਬਿਆਨ ਕੀਤਾ ਕਿ ਬਿਆਨ ਕੀਤਾ ਕਿ ਮੈ ਉਕਤ ਪਤੇ ਦਾ ਰਹਿਣ ਵਾਲਾ ਹਾ ਅਤੇ ਮੇਰੀ ਰੈਡੀਮੇਡ ਕੱਪੜੇ ਤੇ ਸਲਾਈ ਦਾ ਕੰਮ ਦੀ ਦੁਕਾਨ ਤੇ ਘਰ, ਦੀਪ ਨਗਰ, ਨੇੜੇ ਰੇਲਵੇ ਸਟੇਸਨ ਮੰਡੀ ਮੁੱਲਾਪੁਰ ਵਿਖੇ ਹੈ।ਮਿਤੀ 26-06-2024 ਨੂੰ ਵਕਤ ਕਰੀਬ 12 ਵਜੇ ਦੁਪਾਹਿਰ ਮੈ ਹਰ ਰੋਜ ਦੀ ਤਰਾ ਪਿੰਡ ਚੋਕੀਮਾਨ ਤੋ ਆਪਣੀ ਦੁਕਾਨ ਪਰ ਮੋਟਰ ਸਾਇਕਲ ਪਰ ਆ ਰਿਹਾ ਸੀ ਤਾ ਜਦ ਮੈ ਮੇਰੇ ਦੁਕਾਨ ਤੋ 50 ਗਜ ਪਿੱਛੇ ਸੀ ਤਾ ਸਾਹਮਣੇ ਤੋ ਇੱਕ ਮੋਟਰ ਸਾਇਕਲ ਪਰ ਚਾਰ ਨੋਜਵਾਨ ਆ ਰਹੇ ਸੀ, ਜਿਨਾ ਨੇ ਮੇਰੇ ਵਿੱਚ ਮੋਟਰ ਸਾਇਕਲ ਮਾਰਨ ਦੀ ਕੋਸਿਸ ਕੀਤੀ ਤਾ ਮੈਨੇ ਇੱਕ ਦਮ ਦੇਖਿਆ ਤਾ ਮੋਟਰ ਸਾਇਕਲ ਚਾਲਕ ਰਿੰਕੂ ਪੁੱਤਰ ਕੁਲਦੀਪ ਸਿੰਘ ਇਸ ਪਿਛੇ ਹਨੀ ਵਾਸੀਆਨ ਦੀਪ ਨਗਰ, ਨੇੜੇ ਰੇਲਵੇ ਸਟੇਸਨ ਮੰਡੀ ਮੁੱਲਾਪੁਰ ਬੈਠਾ ਸੀ, ਜਿਨਾ ਨੂੰ ਮੈ ਚੰਗੀ ਤਰਾ ਜਾਣਦਾ ਹਾ ਅਤੇ ਜੋ 2 ਨਾ-ਮਲੂਮ ਨੋਜਵਾਨ ਲੜਕੇ ਬੈਠੇ ਸੀ,ਰਿੰਕੂ ਨੇ ਮੈਨੂੰ ਗਾਲ਼ ਕੱਢੀ ਤਾ ਮੈ ਆਪਣਾ ਮੋਟਰ ਸਾਇਕਲ ਦੁਕਾਨ ਦੇ ਅੱਗੇ ਖੜਾ ਕਰਨ ਲੱਗਾ ਤਾ ਇਹ ਚਾਰ ਲੜਕਿਆ ਨੇ ਆ ਕੇ ਮੇਰੀ ਕੁੱਟਮਾਰ ਕਰਨ ਲੱਗ ਪਏ, ਪਤਾ ਨਹੀ ਕਿਸੇ ਨੇ ਕੋਈ ਤਿੱਖਾ ਹਥਿਆਰ ਮੇਰੇ ਸਿਰ ਪਰ ਮਾਰਿਆ ਜੋ ਮੇਰੇ ਖੱਬੇ ਪਾਸੇ ਮੱਥੇ ਪਰ ਲੱਗਾ,ਜਿਸ ਨਾਲ ਮੇਰੇ ਬਹੁਤ ਖੂਨ ਨਿਕਲ ਲੱਗ ਪਿਆ ਤਾ ਮੈ ਵੀ ਇੱਕ ਦਮ ਘਬਰਾਅ ਗਿਆ ਤੇ ਫਿਰ ਹੋਰ ਕੁੱਟਮਾਰ ਕਰਨ ਲੱਗ ਗਏ, ਜਿਸ ਨਾਲ ਮੇਰੇ ਸਿਰ ਦੇ ਖੱਬੇ ਪਾਸੇ ਕੰਨ ਦੇ ਉਪੱਰ ਸਿਰ ਵਿੱਚ ਅਤੇ ਮੋਢੇ ਪਰ ਸੱਟਾ ਲੱਗੀਆ। ਮੁਹੱਲੇ ਵਾਲਿਆ ਦਾ ਇੱਕਠ ਹੋ ਗਿਆ ਅਤੇ ਰੋਲਾ ਪੈਣ ਤੇ ਦੋਸੀ ਆਪਣਾ ਮੋਟਰ ਸਾਇਕਲ ਛੱਡਕੇ ਹਥਿਆਰਾ ਸਮੇਤ ਧਮਕੀਆ ਦਿੰਦੇ ਹੋਏ ਮੌਕੇ ਤੋ ਭੱਜ ਗਏ।ਜਿਸਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ । | -- | -- | -- | ASI ਤਰਸੇਮ ਸਿੰਘ 246 ਮੋ:- 98722-00570 |
| 3. | ਸਦਰ ਰਾਏਕੋਟ | 75 ਮਿਤੀ 19.07.24 | 498-A, 323, 406 IPC | ਗਗਨਦੀਪ ਕੋਰ ਪਤਨੀ ਜਸਵੀਰ ਸਿੰਘ ਪੁੱਤਰੀ ਤਾਰਾ ਸਿੰਘ ਵਾਸੀ ਪਿੰਡ ਜਲਾਲਦੀਵਾਲ ਥਾਣਾ ਸਦਰ ਰਾਏਕੋਟ | ਜਸਵੀਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਬੜੂੰਦੀ ਥਾਣਾ ਸਦਰ ਰਾਏਕੋਟ ਜਿਲਾ ਲੁਧਿਆਣਾ | -- | ਇੱਕ ਦਰਖਾਸਤ ਨੰਬਰ 576-ਪੀ ਸੀ -ਡੀ ਸੀ ਮਿਤੀ 28.06.2024+ ਪੀ ਜੀ ਡੀ -372510ਮਿਤੀ 28.06.2024 ਵੱਲੋ ਗਗਨਦੀਪ ਕੋਰ ਪਤਨੀ ਜਸਵੀਰ ਸਿੰਘ ਪੁੱਤਰੀ ਤਾਰਾ ਸਿੰਘ ਵਾਸੀ ਜਲਾਦੀਵਾਲ ਥਾਣਾ ਸਦਰ ਰਾਏਕੋਟ ਨੇ ਮਾਣਯੋਗ ਸੀਨੀਅਰ ਕਪਤਾਨ ਪੁਲਿਸ ਲੁਧਿਆਣਾ (ਦਿਹਾਤੀ) ਜੀ ਦੀ ਸੇਵਾ ਵਿੱਚ ਦਿੱਤੀ ਸੀ।ਉਹ ਦਰਖਾਸਤ ਸ੍ਰੀਮਾਨ ਉੱਪ ਕਪਤਾਨ ਪੁਲਿਸ (ਸੀ.ਏ.ਡਬਲਯੂ) ਜਗਰਾਉਂ ਨੂੰ ਮਾਰਕ ਹੋਈ ਸੀ। ਜਿਸ ਦੀ ਪੜਤਾਲ ਦੌਰਾਨ ਮਿਤੀ 08-06-2024 ਨੂੰ ਦੋਨਾਂ ਧਿਰਾਂ ਵਿੱਚ ਪੰਚਾਇਤੀ ਇਕਰਾਰਨਾਮਾ ਹੋ ਗਿਆ ਸੀ। ਇਸ ਪੰਚਾਇਤੀ ਇਕਰਾਰਨਾਮੇ ਅਨੁਸਾਰ ਮਿਤੀ 11.06.2024 ਨੂੰ ਗਗਨਦੀਪ ਕੌਰ ਉਕਤ ਸਮੇਤ ਆਪਣੇ ਪਿਤਾ ਤਾਰਾ ਸਿੰਘ ਅਤੇ ਰਿਸ਼ਤੇਦਾਰਾਂ ਦੇ ਪਿੰਡ ਬੜੂੰਦੀ ਆਪਣੇ ਘਰ ਵਿੱਚੋਂ ਸਮਾਨ ਲੈਣ ਲਈ ਗਈ ਸੀ। ਜਿੱਥੇ ਇਸ ਦੇ ਪਤੀ ਜਸਵੀਰ ਸਿੰਘ ਨੇ ਇਹਨਾਂ ਨਾਲ ਬਦਸਲੂਕੀ ਕੀਤੀ, ਗਾਲੀ ਗਲੋਚ ਕੀਤਾ। ਦਰਖਾਸਤਣ ਗਗਨਦੀਪ ਕੌਰ ਦੇ ਮਾਤਾ ਪਿਤਾ ਵੱਲੋਂ ਇਹਨਾਂ ਦੇ ਵਿਆਹ ਸਮੇਂ ਦਿੱਤੇ ਸੋਨੇ ਦੇ ਗਹਿਣੇ ਵਜਨ ਕਰੀਬ 08 ਤੋਲੇ ਵਾਪਸ ਨਹੀਂ ਕੀਤੇ ਅਤੇ ਘਰ ਦੀਆਂ ਚਾਬੀਆਂ ਜਸਵੀਰ ਸਿੰਘ ਨੇ ਆਪਣੇ ਪਾਸ ਰੱਖ ਲਈਆਂ। ਜਿਸ ਕਰਕੇ ਦਰਖਾਸਤਣ ਗਗਨਦੀਪ ਕੌਰ ਸਮੇਤ ਆਪਣੀਆਂ ਦੋ ਬੱਚੀਆਂ ਦੇ ਆਪਣੇ ਪੇਕੇ ਪਿੰਡ ਜਲਾਲਦੀਵਾਲ ਵਿਖੇ ਰਹਿ ਰਹੀ ਹੈ। ਜਦੋਂ ਕਿ ਦਰਖਾਸਤਣ ਨੇ ਪਿੰਡ ਬੜੂੰਦੀ ਆਪਣੇ ਸਹੁਰੇ ਪਰਿਵਾਰ ਦੀ ਆਪਣੇ ਪਤੀ ਜਸਵੀਰ ਸਿੰਘ ਦੇ ਹਿੱਸੇ ਦੀ ਜਗ੍ਹਾ ਵਿੱਚ ਉਹ ਘਰ ਆਪਣੀ ਤਨਖਾਹ ਵਿੱਚੋਂ ਰੁਪੈ ਬਚਾ ਕੇ ਅਤੇ HDFC ਬੈਂਕ ਬ੍ਰਾਂਚ ਅਹਿਮਦਗੜ੍ਹ ਤੋਂ ਲੋਨ ਲੈ ਕੇ ਬਣਾਇਆ ਹੈ, ਜੋ ਅੱਜ ਵੀ ਲੋਨ ਦੀਆਂ ਕਿਸਤਾਂ ਆਪਣੀ ਤਨਖਾਹ ਵਿੱਚੋਂ ਮੋੜ ਰਹੀ ਹੈ। ਪੜਤਾਲ ਤੋਂ ਉੱਤਰਵਾਦੀ ਜਸਵੀਰ ਸਿੰਘ ਉਕਤ ਵੱਲੋਂ ਆਪਣੀ ਪਤਨੀ ਦਰਖਾਸਤਣ ਗਗਨਦੀਪ ਕੌਰ ਉਕਤ ਦੀ ਕੁੱਟਮਾਰ ਕਰਨ, ਇਸ ਦੇ ਸੋਨੇ ਦੇ ਗਹਿਣੇ ਖੁਰਦ ਬੁਰਦ ਕਰਨ ਦਾ ਪਾਇਆ ਗਿਆ ਹੈ।ਜਿਸਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਹੈ | -- | -- | -- | SI ਗੁਰਸੇਵਕ ਸਿੰਘ ਨੰਬਰ 642 ਇੰਨਚਾਰਜ ਚੋਕੀ ਲੋਹਟਬੱਦੀ ਥਾਣਾ ਸਦਰ ਰਾਏਕੋਟ 98726-00708 |

| | | | | | | | | | | | |
|---|---|---|---|---|---|---|---|---|---|---|---|
| 4. | ਸਿਟੀ ਜਗਰਾਉ | 157 ਮਿਤੀ 19.07.24 | 420,120B IPC | ਸਿਮਰਨਜੀਤ ਸਿੰਘ ਪੁਤਤਰ ਬਲਵੰਤ ਸਿੰਘ ਵਾਸੀ ਅਗਵਾੜ ਡਾਲਾ ਜਗਰਾਉ | 1.ਦਿਲਾਵਰ ਜੀਤ ਸਿੰਘ ਪੁਤਰ ਬਲਜੀਤ ਸਿੰਘ<br>2.ਬਲਜੀਤ ਸਿੰਘ ਪੁਤਰ ਸੱਜਣ ਸਿੰਘ<br>3.ਸੁਖਵੈਨ ਕੋਰ ਪਤਨੀ ਬਲਜੀਤ ਸਿੰ ਘ ਵਾਸੀਆਨ ਰਾਨੋਵਾਲ ਕਲਾ ਮੋਗਾ | -- | ਇੱਕ ਦਰਖਾਸਤ ਨੰਬਰ 853-*PC*-2 ਮਿਤੀ 20.05.2024 ਪੇਜ ਨੰਬਰ 1ਤੋਂ 126 ਤੱਕ ਸਿਮਰਨਜੀਤ ਕੌਰ ਪੁੱਤਰੀ ਬਲਵੰਤ ਸਿੰਘ ਵਾਸੀ ਅਗਵਾੜ ਡਾਲਾ ਤਹਿ: ਜਗਰਾਉ ਜਿਲ੍ਹਾ ਲੁਧਿਆਣਾ ਹੱਥੀ *Ct* ਯਸ਼ ਕੁਮਾਰ 170 ਦੇ ਥਾਣਾ ਮੋਸੂਲ ਹੋਈ ਜਿਸਦਾ ਮਜਮੂਨ ਜੈਲ ਹੈ, "ਸੇਵਾ ਵਿਖੇ,ਵਿਸ਼ਾਂ:-ਸ੍ਰੀ ਮਾਨ ਜੀ.ਮਾਨਯੋਗ ਐਸ.ਐਸ.ਪੀ.ਸਾਹਿਬ ਜੀ,ਲੁਧਿਆਣਾ (ਦਿਹਾਤੀ) ।ਵਿਸ਼ਾ:- ਪੱਕਾ ਵਿਆਹ ਕਰਵਾਉਣ ਤੇ ਵਿਦੇਸ ਕਨੈਡਾ ਕਾਲਜ ਦੀਆਂ ਫੀਸ ਭਰਵਾਉਣ ਅਤੇ ਵਿਆਹ ਵੱਧੀ ਕਰਨ ਅਤੇ ਵਿਦੇਸ਼ ਕਨੇਡਾ ਜਾ ਕੇ ਕੋਈ ਵੀ ਰਾਹ ਨਾ ਦੇਣ ਉਲਟਾ ਸੱਸ,ਸਹੁਰਾ,ਵੱਲੋ ਧੱਕੇ ਨਾਲ ਪੇਕੇ ਘਰ ਛੱਡ ਕੇ ਜਾਣ ਸਰੇਆਮ ਨਜਾਇਜ ਤੌਰ ਤੇ ਧਮਕੀਆਂ ਦੇਣ ਤੇ ਜਿੰਦਗੀ ਬਰਬਾਦ ਕਰਨ ਸਬੰਧੀ ਦਿਤੀ ਸੀ ਜਿਸਦਾ ਸਿੱਟਾ ਰਿਪੋਰਟ ਦਰਜ ਹੈ, ਉਪਰੋਕਤ ਅਨੁਸਾਰ ਲਿਖੇ ਗਏ ਬਿਆਨਾਤ ਅਤੇ ਪੇਸ਼ ਕੀਤੇ ਦਸਤਾਵੇਜਾਂ ਨੂੰ ਵਾਚਣ ਅਤੇ ਕੀਤੀ ਗਈ ਖੂਫੀਆ ਦਾ ਐਲਾਨੀਆ ਪੜਤਾਲ ਤੋਂ ਪਾਇਆ ਗਿਆ ਕਿ ਦਰਖਾਸਤੀ ਸਿਮਰਨਜੀਤ ਕੌਰ ਅਤੇ ਦਿਲਾਵਰਜੀਤ ਸਿੰਘ ਦਾ ਵਿਆਹ ਹੋਣ ਤੋਂ ਬਾਅਦ ਦਰਖਾਸਤੀ ਧਿਰ ਵੱਲੋਂ ਰਾਹੀਂ ਇਕਰਾਰਨਾਮਾ ਮਿਤੀ 08/08/2022 ਕਰੀਬ 15,00,000/-ਰੁਪਏ ਖਰਚਾ ਕਰਕੇ ਦਿਲਾਵਰਜੀਤ ਸਿੰਘ ਨੂੰ ਵਿਦੇਸ਼ ਭੇਜਿਆ ਗਿਆ। ਜਿਸਦੇ ਵਿਦੇਸ਼ ਜਾਣ ਸਮੇਂ ਦਰਖਾਸਤੀ ਧਿਰ ਵੱਲੋਂ 1,00,000/-ਰੁਪਏ ਦਿਲਾਵਰਜੀਤ ਸਿੰਘ ਦੇ ਖਾਤਾ ਵਿੱਚ ਟ੍ਰਾਂਸਫਰ ਕੀਤੇ ਗਏ। ਇਸ ਤੋਂ ਇਲਾਵਾ ਦਿਲਾਵਰਜੀਤ ਸਿੰਘ ਨੂੰ ਸਿਮਰਨਜੀਤ ਕੌਰ ਦੀ ਫਾਇਲ ਲਗਾਉਣ ਲਈ ਰੁਪਏ ਟ੍ਰਾਂਸਫਰ ਕੀਤੇ ਗਏ, ਪ੍ਰੰਤੂ ਦਿਲਾਵਰਜੀਤ ਸਿੰਘ ਵੱਲੋਂ ਪਹਿਲਾਂ ਸੋਚੀ ਸਮਝੀ ਸਾਜ਼ਸ਼ਿ ਤਹਿਤ ਫਾਇਲ ਦਾ ਨਤੀਜਾ ਮਿਤੀ 16/01/2024 ਨੂੰ ਆਉਣ ਤੋਂ ਪਹਿਲਾਂ ਹੀ ਮਿਤੀ 09/11/2023 ਨੂੰ ਉਹ ਰੁਪਏ ਖੁੱਦ ਕੱਢਵਾ ਕੇ ਖਰਚ ਕਰ ਲਏ ਗਏ। ਜਦ ਕਿ ਇਹ ਰਕਮ ਫਾਇਲ ਦਾ ਨਤੀਜਾ ਆਉਣ ਤੱਕ ਖਾਤੇ ਵਿੱਚ ਰੱਖਣੀ ਸੀ, ਪ੍ਰੰਤੂ ਦਿਲਾਵਰਜੀਤ ਸਿੰਘ ਵੱਲੋ ਇਹ ਰਕਮ ਫਾਇਲ ਦਾ ਨਤੀਜਾ ਆਉਣ ਤੋਨ ਪਹਿਲਾਂ ਹੀ ਕੱਢਵਾ ਲਈ ਸੀ। ਜਿਸ ਕਾਰਨ ਲੜਕੀ ਦੀ ਫਾਇਲ ਰਫਿਊਜ਼ਲ ਆ ਗਈ। ਜਿਸਤੇ ਹੁਣ ਦਿਲਾਵਰਜੀਤ ਸਿੰਘ ਨਾ ਤਾਂ ਆਪਣੀ ਪਤਨੀ ਸਿਮਰਨਜੀਤ ਕੌਰ ਨਾਲ ਕੋਈ ਸਪੰਰਕ ਕਰ ਰਿਹਾ ਹੈ ਅਤੇ ਨਾ ਹੀ ਉਸਨੂੰ ਵਿਦੇਸ਼ ਕੈਨੇਡਾ ਬੁਲਾਉਣ ਲਈ ਕੋਈ ਚਾਰਾਜੋਈ ਕਰ ਰਿਹਾ ਹੈ। ਲਿਹਾਜਾ ਹੁਣ ਤੱਕ ਦੀ ਪੜਤਾਲ ਤੋਂ ਦਿਲਾਵਰਜੀਤ ਸਿੰਘ ਵੱਲੋਂ ਆਪਣੇ ਮਾਤਾ-ਪਿਤਾ ਨਾਲ ਮਿਲਕੇ ਪਹਿਲਾ ਤੋ ਗਿਣੀ ਮਿਥੀ ਸਾਜਿਸ਼ ਤਹਿਤ ਦਰਖਾਸਤੀ ਧਿਰ ਪਾਸੋ ਕਰੀਬ 16 ਲੱਖ ਰੁਪਏ ਹਾਸਿਲ ਕਰਕੇ ਅਤੇ 5 ਲੱਖ ਰੁਪਏ ਵਿਆਹ ਦਾ ਖਰਚਾ ਕਰਵਾ ਕੇ ਹੁਣ ਵਿਦੇਸ ਕੈਨੇਡਾ ਜਾ ਕੇ ਦਰਖਾਸਤੀ ਸਿਮਰਨਜੀਤ ਕੌਰ ਨੂੰ ਵਿਦੇਸ ਕੈਨੇਡਾ ਨਾ ਬਲਾਉਣ ਦੇ ਮੰਤਵ ਨਾਲ ਰਾਬਤਾ ਨਾ ਰੱਖ ਕੇ ਠੱਗੀ ਮਾਰਨੀ ਸਾਹਮਣੇ ਆਈ ਹੈ। ਜਿਸ ਕਰਕੇ ਦਿਲਾਵਰਜੀਤ ਸਿੰਘ, ਬਲਜੀਤ ਸਿੰਘ ਅਤੇ ਸੁਖਚੈਨ ਕੌਰ ਉਕਤਾਨ ਖਿਲਾਫ ਮੁਕੱਦਮਾ ਦਰਜ ਰਜਿਸਟਰ ਕਰਕੇ ਡੂੰਘਾਈ ਨਾਲ ਤਫਤੀਸ਼ ਕੀਤੀ ਜਾਣੀ ਬਣਦੀ ਹੈ। ਇਸ ਤੋਂ ਇਲਾਵਾ ਦਵਿੰਦਰਦੀਪ ਸਿੰਘ ਉਕਤ ਦਾ ਕੋਈ ਰੋਲ ਸਾਹਮਣੇ ਨਹੀਂ ਆਇਆ ਹੈ ਕਾਰਵਾਈ ਜਿਸਦੀ ਸਿਫਾਰਸ ਕੀਤੀ ਜਾਂਦੀ ਹੈ:-ਲਿਹਾਜਾ ਜੇਕਰ ਆਪ ਜੀ ਨੂੰ ਪ੍ਰਵਾਨ ਹੋਵੇ ਤਾਂ ਉਤਰਵਾਦੀ ਦਿਲਾਵਰਜੀਤ ਸਿੰਘ ਪੁੱਤਰ ਬਲਜੀਤ ਸਿੰਘ, ਬਲਜੀਤ ਸਿੰਘ ਪੁੱਤਰ ਸੱਜਣ ਸਿੰਘ ਅਤੇ ਸੁਖਚੈਨ ਕੌਰ ਪਤਨੀ ਬਲਜੀਤ ਸਿੰਘ ਵਾਸੀਅਨ ਰਾਮੂਵਾਲਾ ਕਲ੍ਹਾਂ, ਜਿਲ੍ਹਾ ਮੋਗਾ ਦੇ ਖਿਲਾਫ ਅ/ਧ 420,120ਬੀ IPC ਤਹਿਤ ਮੁਕੱਦਮਾ ਦਰਜ ਕਰਨ ਲਈ ਮੁੱਖ ਅਫਸਰ ਥਾਣਾ ਸਿਟੀ ਜਗਰਾਉਂ ਨੂੰ ਯੋਗ ਹੁਕਮ ਫੁਰਮਾਇਆ ਜਾਵੇ ਜੀ।ਜਿਸ ਤੇ ਦਰਖਾਸਤ ਥਾਣਾ ਮੋਸੂਲ ਹੋਣ ਤੇ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ। | -- | -- | -- | ASI ਮੋਹਨ ਲਾਲ 777/ਖੰਨਾ ਮੋਬਾਇਲ ਫੋਨ 94636-60813 |

| | | | | | | | | | | | |
|---|---|---|---|---|---|---|---|---|---|---|---|
| 5. | ਸਿਟੀ ਜਗਰਾਾਉ | 158 ਮਿਤੀ 19.07.24 | 304(2), 3(5) BNS | ਪਰਮਿੰਦਰ ਸਿੰਘ ਪੁੱਤਰ ਲਛਮਣ ਦਾਸ ਵਾਸੀ ਗਲੀ ਨੰਬਰ 03 ਸੈਟਰਲ ਸਿਟੀ ਜਗਰਾਉ | 02 ਨਾ-ਮਲੂੰਮ ਵਿਅਕਤੀ | -- | ਮੁਦਈ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਕਮਲ ਚੌਂਕ ਜਗਰਾਉਂ ਵਿਖੇ ਸਕਰੈਪ ਦੀ ਦੁਕਾਨ ਚਲਾ ਰਿਹਾ ਹਾਂ ਮੇਰੇ ਪਤਾ ਇੱਕ ਮੋਟਰਸਾਇਕਲ ਸਪਲੈਂਡਰ + ਮਾਡਲ 2023 ਰੰਗ ਕਾਲਾ ਨੰਬਰ PB25-H-9885 ਹੈ ਮਿਤੀ 16.7.2024 ਨੂੰ ਮੇਰਾ ਲੜਕਾ ਅਮੀਸ ਸਿੰਘ ਜੋ ਮੋਟਰਸਾਇਕਲ ਨੰਬਰੀ ਉਕਤ ਪਰ ਸਵਾਰ ਹੋ ਕੇ ਮੇਰੇ ਘਰ ਸੈਟਰਲ ਸਿਟੀ, ਸਟਰੀਟ ਨੰਬਰ 03 ਜਗਰਾਉਂ ਤੋਂ ਕਮਲ ਚੌਂਕ ਦੁਕਾਨ ਪਰ ਆ ਰਿਹਾ ਸੀ ਤਾਂ ਵਕਤ ਕਰੀਬ 01:15 PM ਦੋ ਨਾਮਲੂਮ ਲੜਕਿਆਂ ਨੇ ਮੇਰੇ ਲੜਕੇ ਅਮੀਸ ਸਿੰਘ ਨੂੰ ਅੰਬੇਦਕਰ ਚੌਂਕ ਵਿੱਚ ਰੋਕਿਆ ਅਤੇ ਕਿਹਾ ਕਿ ਅਸੀਂ ਤੇਰੇ ਡੈਡੀ ਪਰਮਿੰਦਰ ਸਿੰਘ ਨੂੰ ਚੰਗੀ ਤਰਾਂ ਜਾਣਦੇ ਹਾਂ ਅਤੇ ਤੂੰ ਸਾਨੂੰ ਪੈਟਰੌਲ ਪੰਪ ਤੱਕ ਛੱਡ ਕੇ ਆ, ਅਸੀਂ ਸਾਡੇ ਮੋਟਰਸਾਇਕਲ ਵਿੱਚ ਪੈਟਰੌਲ ਮੁੱਕ ਜਾਣ ਕਰਕੇ ਪੈਟਰੌਲ ਲਿਆਉਣਾ ਹੈ, ਤਾਂ ਮੇਰੇ ਲੜਕੇ ਨੇ ਉਹਨਾਂ ਨੂੰ ਮੋਟਰਸਾਇਕਲ ਮਗਰ ਬਿਠਾ ਕੇ ਦਲੀਪ ਪੈਟਰੌਲ ਪੰਪ ਪਰ ਲਿਜਾ ਰਿਹਾ ਸੀ ਤਾਂ ਉਹਨਾਂ ਨੇ ਪੈਟਰੌਲ ਪੰਪ ਕੋਲ ਜਾ ਕੇ ਮੇਰੇ ਲੜਕੇ ਨੂੰ ਕਿਹਾ ਕਿ ਅਸੀਂ ਮੋਟਰਸਾਇਕਲ ਚਲਾਉਂਦੇ ਹਾਂ ਅਤੇ ਮੇਰੇ ਲੜਕੇ ਨੂੰ ਮੋਟਰਸਾਇਕਲ ਤੋਂ ਅੱਗੇ ਤੋਂ ਉਤਾਰ ਕੇ ਵਿਚਕਾਰ ਬੈਠਾ ਲਿਆ ਅਤੇ ਮੋਟਰਸਾਇਕਲ ਪੈਟਰੌਲ ਪੰਪ ਤੋਂ ਅੱਗੇ ਨਹਿਰ ਨੂੰ ਭਜਾ ਲਿਆ ਅਤੇ ਮੇਰੇ ਲੜਕੇ ਦੇ ਮੂੰਹ ਪਰ ਜੋਰ ਨਾਲ ਹੱਥ ਰੱਖ ਕੇ, ਇਸਦਾ ਮੋਬਾਇਲ ਵਨ ਪਲੱਸ *Redme* ਸੀ.ਈ-3 ਜਿਸ ਵਿੱਚ ਸਿੰਮ 97815-00520 ਜੀ.ਉ. ਕੰਪਨੀ ਦਾ ਚਲਦਾ ਸੀ, ਖੋਹ ਲਿਆ ਅਤੇ ਨਹਿਰ ਪਰ ਲਿਜਾ ਕੇ ਇਸਨੂੰ ਮੋਟਰਸਾਇਕਲ ਤੋਂ ਉਤਾਰ ਦਿੱਤਾ ਅਤੇ ਕਹਿੰਦੇ ਕਿ ਜੇਰ ਰੌਲਾ ਪਾਇਆ ਤਾਂ ਤੈਨੂੰ ਜਾਨੋ ਮਾਰ ਦੇਵਾਂਗੇ ਅਤੇ ਜਾਂਦੇ ਹੋਏ ਕਹਿ ਗਏ ਕਿ ਤੁਹਾਡਾ ਮੋਟਰਸਾਇਕਲ ਤੁਹਾਨੂੰ ਮਿਲ ਜਾਵੇਗਾ ਅਤੇ ਪਰ ਪੁਲਿਸ ਨੂੰ ਕੋਈ ਸ਼ਿਕਾਇਤ ਨਾ ਕਰਿਓ। ਜਿਸ ਤੇ ਬਿਆਨ ਥਾਣਾ ਮੋਸੂਲ ਹੋਣ ਤੇ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ। | – | -- | -- | ASI ਰਾਜਦੀਪ ਸਿੰਘ 751 ਮੋਬਾਇਲ ਨੰਬਰ 81462-00750 |
| 6. | ਸਿਟੀ ਜਗਰਾਉਂ | 159 ਮਿਤੀ 19.07.24 | 379 IPC | ਸੁਖਵਿੰਦਰ ਸਿੰਘ ਛਾਬੜਾ ਪੁੱਤਰ ਦਲੀਪ ਸਿੰਘ ਪੁੱਤਰ ਹਜਾਰਾ ਸਿੰਘ ਵਾਸੀ ਗਲੀ ਨੰਬਰ 1/1, ਸ਼ਾਸ਼ਤਰੀ ਨਗਰ ਜਗਰਾਉਂ ਜਿਲ੍ਹਾ ਲੁਧਿਆਣਾ | 1.ਭੁਪਿੰਦਰ ਸਿੰਘ ਪੁੱਤਰ ਸਰਵਣ ਸਿੰਘ ਵਾਸੀ ਮਕਾਨ ਨੰਬਰ 2739 ਗਲੀ ਨੰਬਰ 03 ਚੇਤ ਸਿੰਘ ਨਗਰ ਗਿਲ ਰੋਡ ਜਗਰਾਉ<br><br>2.ਸਨੀ ਮਹਿਤਾ ਪੁਤਰ ਰਾਜਨ ਮਹਿਤਾ ਵਾਸੀ ਮਕਾਨ ਨੰਬਰ 17 ਨਿਊ ਸੁਖਦੇਵ ਨਗਰ ਬਲਾਕ ਬੀ ਭਾਮੀਆ ਰੋਡ ਜਗਰਾਉ<br><br>3.ਨਾ ਮਲੂਮ ਵਿਅਕਤੀ | -- | ਮੁਦਈ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਐਡਵੋਕੇਟ ਦੀ ਪ੍ਰੈਕਟਿਸ ਸਿਵਲ ਕੋਰਟ ਜਗਰਾਉਂ ਵਿਖੇ ਕਰਦਾ ਹਾਂ।ਮੈਨੇ ਕ੍ਰੀਬ 4 ਮਹੀਨੇ ਪਹਿਲਾਂ ਡੀਲਰ ਭੁਪਿੰਦਰ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਮਕਾਨ ਨੰਬਰ 2739, ਗਲੀ ਨੰਬਰ 03, ਚੇਤ ਸਿੰਘ ਨਗਰ, ਗਿੱਲ ਰੋਡ, ਲੁਧਿਆਣਾ ਰਾਹੀਂ ਅਸ਼ੀਸ਼ ਗਰਗ ਪੁੱਤਰ ਭੂਸ਼ਨ ਲਾਲ ਗਰਗ ਵਾਸੀ ਮਕਾਨ ਨੰਬਰ 157/933, ਗਲੀ ਨੰਬਰ 02, ਨਿਊ ਦੀਪ ਨਗਰ, ਸਿਵਲ ਲਾਈਨ ਲੁਧਿਆਣਾ ਤੋਂ ਇੱਕ ਕਾਰ ਮਾਰੂਤੀ ਸਜ਼ੂਕੀ ਕੰਪਨੀ ਦੀ ਸਿਆਜ ਨੰਬਰੀ PB-10-JG-2066 ਮਾਡਲ 2017 ਕੀਮਤ 3,50,000/- ਰੁਪਏ ਵਿੱਚ ਲਈ ਸੀ।ਜਿਸ ਸਬੰਧੀ ਕਾਰ ਨਾਲ ਸਬੰਧਤ ਡਾਕੂਮੈਂਟ ਅਸ਼ੀਸ਼ ਗਰਗ ਨੇ ਆਪਣੇ ਦਸਤਖਤਾਂ ਹੇਠ ਡੀਲਰ ਭੁਪਿੰਦਰ ਸਿੰਘ ਰਾਹੀਂ ਮੈਨੂੰ ਦੇ ਦਿੱਤੇ ਸਨ, ਜੋ ਮੈਂ ਆਪਣੀ ਉਕਤ ਕਾਰ ਰਾਹੀਂ ਮਿਤੀ 30-05-2024 ਨੂੰ ਵਕਤ ਕ੍ਰੀਬ 12.45 PM ਆਪਣੇ ਨਿੱਜੀ ਕੰਮ ਲਈ ਦਫਤਰ SDM ਸਾਹਿਬ ਜਗਰਾਉਂ ਆਇਆ ਸੀ ਅਤੇ ਦਫਤਰ ਦੇ ਅੰਦਰ ਬਣੀ ਕਾਰ ਪਾਰਕਿੰਗ ਵਿੱਚ ਮੈਨੇ ਆਪਣੀ ਉਕਤ ਕਾਰ ਖੜ੍ਹੀ ਕਰ ਦਿੱਤੀ।ਮੇਰੀ ਕਾਰ ਦੇ ਡੈੱਸ਼ ਬੋਰਡ ਵਿੱਚ 1,22,000/- ਰੁਪਏ ਦੀ ਭਾਰਤੀ ਕਰੰਸੀ ਨਗਦੀ ਅਤੇ ਮੇਰੇ ਦਫਤਰ ਦੀਆਂ ਚਾਬੀਆਂ ਰੱਖੀਆਂ ਹੋਈਆਂ ਸਨ।ਇਸ ਤੋਂ ਇਲਾਵਾ ਹੋਰ ਵੀ ਜਰੂਰੀ ਕਾਗਜਾਤ ਸਨ, ਜੋ ਮੈਂ ਆਪਣੀ ਕਾਰ ਲਾਕ ਕਰਕੇ ਕੰਮ ਕਾਰ ਲਈ ਦਫਤਰ SDM ਸਾਹਿਬ ਜਗਰਾਉਂ ਅੰਦਰ ਚਲਾ ਗਿਆ ਸੀ ਤਾਂ ਕ੍ਰੀਬ 2 ਘੰਟੇ ਬਾਅਦ ਮੈਂ ਆਪਣਾ ਕੰਮ ਖਤਮ ਕਰਕੇ ਕਾਰ ਪਾਰਕਿੰਗ ਵਿੱਚ ਆਇਆ ਤਾਂ ਮੇਰੀ ਕਾਰ ਪਾਰਕਿੰਗ ਵਿੱਚੋਂ ਗਾਇਬ ਸੀ ਜਿਸ ਸਬੰਧੀ ਮੈਂ ਆਸ ਪਾਸ ਤੋਂ ਕਾਫੀ ਤਲਾਸ਼ ਕੀਤੀ, ਜੋ ਤਲਾਸ਼ ਕਰਨ ਤੇ ਕੋਈ ਸੁਰਾਗ ਨਾ ਲੱਗਾ।ਫਿਰ ਮੈਨੇ ਆਪਣੀ ਕਾਰ ਅਤੇ ਦੋਸ਼ੀਆ ਦੀ ਤਲਾਸ਼ ਲਈ ਆਪਣੇ ਤੌਰ ਪਰ ਦਫਤਰ SDM ਸਾਹਿਬ ਜਗਰਾਉਂ ਅਤੇ ਆਸ ਪਾਸ ਰੋਡ ਪਰ ਲੱਗੇ CCTV ਕੈਮਰਿਆਂ ਨੂੰ ਚੈੱਕ ਕੀਤਾ ਜੋ ਪਾਇਆ ਗਿਆ ਕਿ 2 ਨੌਜਵਾਨ ਐਕਟਿਵਾ ਸਕੂਟਰੀ ਪਰ ਆਏ, ਜਿਨ੍ਹਾਂ ਵਿੱਚੋਂ ਇੱਕ ਮੌਨੇ ਨੌਜਵਾਨ ਨੇ ਮੇਰੀ ਕਾਰ ਜੋ ਦਫਤਰ SDM ਸਾਹਿਬ ਜਗਰਾਉਂ ਦੀ ਕਾਰ ਪਾਰਕਿੰਗ ਵਿੱਚੋਂ ਚੋਰੀ ਕਰਕੇ ਲੈ ਗਏ।ਜਿਸ ਤੇ ਬਿਆਨ ਥਾਣਾ ਮੋਸੂਲ ਹੋਣ ਤੇ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ। | -- | -- | -- | ASI ਬਲਰਾਜ ਸਿੰਘ 709 ਮੋਬਾਇਲ ਨੰਬਰ 98728-55709 |

| | | | | | | | | | | | |
|---|---|---|---|---|---|---|---|---|---|---|---|
| 7. | ਸਿਟੀ ਜਗਰਾਉਂ | 160 ਮਿਤੀ 09.07.24 | 317(2) BNS | ASI ਰਾਜਦੀਪ ਸਿੰਘ 751 ਮੋ: 81462-00750 | ਮਦਨ ਗੋਪਾਲ ਪੁੱਤਰ ਚਰਨ ਦਾਸ ਵਾਸੀ ਮਕਾਨ ਨੰਬਰ 2899 ਮੁੱਹਲਾ ਚੋਕੀਦਾਰਾ ਅਗਵਾੜ ਗੁਜਰਾ ਜਗਰਾਉ | -- | ਮੁੱਖ ਅਫਸਰ ਥਾਣਾ ਸਿਟੀ ਜਗਰਾਉਂ ਸਾਹਿਬ ਫਤਿਹ ਅੱਜ ਮਨ ASI ਸਮੇਤ **HC** ਬਲਵਿੰਦਰ ਸਿੰਘ 667,ਵ**CT** ਸਿਮਰਨਜੀਤ ਸਿੰਘ 84 ਅਤੇ **PHG** ਰਣਜੀਤ ਸਿੰਘ 17695 ਦੇ ਬਾਸਵਾਰੀ ਪ੍ਰਾਈਵੇਟ ਗੱਡੀ ਦੇ ਸਮੇਤ ਲੈਪਟੌਪ ਅਤੇ ਪ੍ਰਿੰਟਰ ਹਮਰਾਹ ਲੈ ਕੇ ਬਰਾਏ ਕਰਨੇ ਗਸ਼ਤ ਬਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਕਮਲ ਚੌਂਕ ਜਗਰਾਉ ਮੋਜੂਦ ਸੀ ਤਾਂ ਮੁਖਬਰ ਖਾਸ ਨੇ ਅਲਿਹਦਗੀ ਵਿੱਚ ਮਨ ਪਾਸ ਇਤਲਾਹ ਦਿੱਤੀ ਕਿ ਮਦਨ ਗੋਪਾਲ ਪੁੱਤਰ ਚਰਨ ਦਾਸ ਵਾਸੀ ਮਕਾਨ ਨੰਬਰ 2899 ਮੁੱਹਲਾ ਚੋਕੀਦਾਰਾ ਅਗਵਾੜ ਗੁਜਰਾ ਜਗਰਾਉ ਜਿਲਾ ਲੁਧਿਆਣਾ , ਜਿਸ ਦੀ ਪੁਰਾਣੀ ਦਾਣਾ ਮੰਡੀ ਜਗਰਾਉ ਵਿੱਚ ਕਬਾੜ ਦੀ ਦੁਕਾਨ ਹੈ ਜੋ ਜਾਣੂ ਹੋਣ ਦੇ ਬਾਵਜੁਦ ਵੀ ਚੋਰੀ ਸ਼ੁਦਾ ਸਮਾਨ ਸਸਤੇ ਭਾਅ ਪਰ ਖਰੀਦ ਕੇ ਅੱਗੇ ਵੇਚਣ ਦਾ ਆਦੀ ਹੈ ਮਦਨ ਗੋਪਾਲ ਉਕਤ ਨੇ ਅੱਜ ਵੀ ਇੱਕ A.C ਦਾ ਕੂਲਿੰਗ ਕੰਡੈਸਰ ਚੋਰੀ ਸੁਦਾ ਵੇਚਣ ਲਈ ਰੱਖਿਆ ਹੋਇਆ ਹੈ ਜੇਕਰ ਹੁਣੇ ਹੀ ਇਸਦੀ ਦੁਕਾਨ ਪਰ ਰੇਡ ਕੀਤਾ ਜਾਵੇ ਤਾ ਮਦਨ ਗੋਪਾਲ ਉਕਤ ਚੋਰੀਸ਼ੁਦਾ ਕੂਲਿੰਗ ਕੰਡੈਸਰ ਸਮੇਤ ਕਾਬੂ ਆ ਸਕਦਾ ਹੈ।ਜਿਸ ਤੇ ਰੁਕਾ ਥਾਣਾ ਮੋਸੂਲ ਹੋਣ ਤੇ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆਂ। | -- | -- | -- | ASI ਰਾਜਦੀਪ ਸਿੰਘ 751 ਮੋ: 81462-00750 |
| 8. | ਸਿਧਵਾ ਬੇਟ | 119 ਮਿਤੀ 19.07.24 | 303(2) BNS, 21 Minning ACt | ASI ਰਾਜਵਰਿੰਦਰਪਾਲ ਸਿੰਘ 448 | ਸਰਬਜੀਤ ਸਿੰਘ ਉਰਫ ਸੱਬਾ ਪੁੱਤਰ ਬਲਵਿੰਦਰ ਸਿੰਘ ਵਾਸੀ ਪਰਜੀਆਂ ਦਸਮੇਸ ਨਗਰ ਥਾਣਾ ਮਹਿਤਪੁਰ | -- | ਮਨ ਏ ਐਸ ਆਈ ਸਮੇਤ ਸਿਪਾਹੀ ਮੁਹੰਮਦ ਇਕਬਾਲ ਖਾਂ 767 ਲੁਧਿ.ਦਿ, ਸਿਪਾਹੀ ਹਰਪ੍ਰੀਤ ਸਿੰਘ 995 ਲੁਧਿ.ਦਿ ਅਤੇ ਪੀ.ਐੱਚ.ਜੀ ਇੰਦਰਜੀਤ ਸਿੰਘ 16382 ਦੇ ਬਾ ਸਵਾਰੀ ਸਰਕਾਰੀ ਗੱਡੀ ਨੰਬਰ ਪੀ.ਬੀ 10 ਡੀ.ਏ 0401 ਬਰਾਏ ਇਲਾਕਾ ਗਸਤ ਬਾ ਚੈਕਿੰਗ ਸੱਕੀ ਪੁਰਸਾਂ, ਵਹੀਕਲਾਂ ਦੇ ਸਬੰਧ ਵਿੱਚ ਬੱਸ ਅੱਡਾ ਪਿੰਡ ਗਿੱਦੜਵਿੰਡੀ ਮੌਜੂਦ ਸੀ ਤਾਂ ਮੇਰੇ ਪਾਸ ਮੁਖਬਰ ਖਾਸ ਨੇ ਅਲਿਹਦਗੀ ਵਿੱਚ ਇਤਲਾਹ ਦਿੱਤੀ ਕਿ ਸਰਬਜੀਤ ਸਿੰਘ ਉਰਫ ਸੱਬਾ ਪੁੱਤਰ ਬਲਵਿੰਦਰ ਸਿੰਘ ਵਾਸੀ ਪਰਜੀਆਂ ਦਸਮੇਸ ਨਗਰ ਥਾਣਾ ਮਹਿਤਪੁਰ ਆਪਣੇ ਟਰੈਕਟਰ ਸੋਨਾਲੀਕਾ ਧੀ 60 ਰੰਗ ਨੀਲਾ ਸਮੇਤ ਟਰਾਲੀ ਲੋਡਿਡ ਕੱਕਾ ਰੇਤਾ ਪਾਬੰਦੀ ਸੁਦਾ ਰੇਤਾ ਚੋਰੀ ਭਰ ਕੇ ਸਤਲੁਜ ਦਰਿਆ ਪਿੰਡ ਬਾਘੀਆਂ ਖੁਰਦ ਤੋਂ ਪਿੰਡ ਲੋਧੀਵਾਲਾ,ਕਾਕੜ ਤਿਹਾੜਾ ਆਦਿ ਨੂੰ ਆ ਰਿਹਾ ਹੈ ਜੇਕਰ ਹੁਣੇ ਹੀ ਸੇਮ ਨਹਿਰ ਪਿੰਡ ਗਿੱਦੜਵਿੰਡੀ ਨਾਕਾਬੰਦੀ ਕੀਤੀ ਜਾਵੇ ਤਾਂ ਸਰਬਜੀਤ ਸਿੰਘ ਉਰਫ ਸੱਬਾ ਉਕਤ ਸਮੇਤ ਆਪਣੇ ਟਰੈਕਟਰ ਟਰਾਲੀ ਲੋਡਿਡ ਕੱਕਾ ਰੇਤਾ ਕਾਬੂ ਆ ਸਕਦਾ ਹੈ ।ਕਿਉਂਕਿ ਰੇਤਾ ਇੱਕ ਕੁਦਰਤੀ ਖਣਿਜ ਪਦਾਰਥ ਹੈ।ਜਿਸ ਕਰਕੇ ਸਰਕਾਰ ਵਲੋਂ ਰਿਆਲਿਟੀ ਵਸੂਲ ਕੀਤੀ ਜਾਂਦੀ ਹੈ।ਹੁਣ ਰੇਤਾ ਦੀ ਗੈਰ ਕਾਨੂੰਨੀ ਨਿਕਾਸੀ ਪਰ ਪੰਜਾਬ ਸਰਕਾਰ ਨੇ ਪੂਰਨ ਪਾਬੰਦੀ ਲਗਾਈ ਹੋਈ ਹੈ । | ਟਰੈਕਟਰ ਸੋਨਾਲੀਕਾ ਰੰਗ ਨੀਲਾ ਸਮੇਤ ਟਰਾਲੀ | -- | -- | ASI ਰਾਜਵਰਿੰਦਰਪਾਲ ਸਿੰਘ 448 ਮੋ:98728-70448 |
| 9. | ਸਿਧਵਾ ਬੇਟ | 120 ਮਿਤੀ 19.07.24 | 61-1-14 EX ACT | ASI ਰਾਜ ਕੁਮਾਰ 572 | ਪਰਮਜੀਤ ਕੌਰ ਪਤਨੀ ਪ੍ਰੇਮ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਸਲੇਮਪੁਰ ਟਿੱਬਾ ਜਿਲਾ ਲੁਧਿਆਣਾ | -- | ਮਨ ਏ.ਐਸ.ਆਈ ਸਮੇਤ ਸਿਪਾਹੀ ਜਸਵਿੰਦਰ ਸਿੰਘ 324,ਮਹਿਲਾ ਸਿਪਾਹੀ ਮਨਿੰਦਰ ਕੌਰ 331,ਪੀ ਐਚ ਜੀ ਅਵਤਾਰ ਸਿੰਘ 28871 ਦੇ ਮਹਿ ਲੈਪਟਾਪ ਤੇ ਪ੍ਰਿੰਟਰ ਬਾ ਸਵਾਰੀ ਪ੍ਰਾਈਵੇਟ ਗੱਡੀ ਦੇ ਬਰਾਏ ਗਸਤ ਬਾ ਤਲਾਸ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਕ੍ਰਿਸ਼ਨਪੁਰਾ ਚੌਂਕ ਮੋਜੂਦ ਸੀ ਤਾਂ ਮੁਖਬਰ ਖਾਸ ਨੇ ਮਲਾਕੀ ਹੋ ਕੇ ਮਨ ਏ.ਐਸ.ਆਈ ਪਾਸ ਅਲਹਿਦਗੀ ਵਿੱਚ ਇਤਲਾਹ ਦਿੱਤੀ ਹੈ ਕਿ ਪਰਮਜੀਤ ਕੌਰ ਪਤਨੀ ਪ੍ਰੇਮ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਸਲੇਮਪੁਰ ਟਿੱਬਾ ਜਿਲਾ ਲੁਧਿਆਣਾ ਜੋ ਕਿ ਨਾਜਾਇਜ ਸਰਾਬ ਵੇਚਣ ਦਾ ਧੰਦਾ ਕਰਦੀ ਹੈ।ਜੋ ਅੱਜ ਵੀ ਨਾਜਾਇਜ ਸਰਾਬ ਕੈਨੀ ਪਲਾਸਟਿਕ ਲੈ ਕੇ ਸੇਮ ਨਾਲਾਂ ਪੁਲ਼ ਸਿੱਧਵਾ ਬੇਟ ਬਾ ਹੱਦ ਪਿੰਡ ਸਿੱਧਵਾ ਬੇਟ ਬੈਠੀ ਨਾਜਾਇਜ ਸਰਾਬ ਵੇਚ ਰਾਹੀ ਹੈ।ਜੇਕਰ ਹੁਣੇ ਹੀ ਰੇਡ ਕੀਤਾ ਜਾਵੇ ਤਾਂ ਇਹ ਭਾਰੀ ਮਾਤਰਾ ਵਿੱਚ ਨਾਜਾਇਜ ਸਰਾਬ ਸਮੇਤ ਕਾਬੂ ਆ ਸਕਦੀ ਹੈ .ਇਤਲਾਹ ਪੱਕੀ ਤੇ ਭਰੋਸੇਯੋਗ ਹੈ।ਜਿਸ ਤੇ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ। | 40 ਬੋਤਲਾਂ ਨਜਾਇਜ਼ ਸ਼ਰਾਬ | -- | -- | ASI ਰਾਜ ਕੁਮਾਰ 572 ਮੋ:98151-70566 |

**ਤਫਤੀਸ਼ ਦੌਰਾਨ ਗ੍ਰਿਫਤਾਰ ਕੀਤੇ ਵਿਅਕਤੀ**

| ਲੜੀ ਨੰ: | ਥਾਣਾ | ਦੋਸ਼ੀ/ਗ੍ਰਿਫਤਾਰ ਵਿਅਕਤੀ ਦਾ ਨਾਮ ਅਤੇ ਪਤਾ | ਮੁਕੱਦਮਾ ਨੰ, ਮਿਤੀ ਅਤੇ ਜੁਰਮ/ਸਥਿਤੀ |
|---|---|---|---|
| 1. | ਜੋਧਾ | ਬੂਟਾ ਉਰਫ ਹਰਜੀਤ ਸਿੰਘ ਪੁੱਤਰ ਧਰਮਪਾਲ ਸਿੰਘ ਵਾਸੀ ਚਮਿੰਡਾ | 06 ਮਿਤੀ 23.02.2024 ਅ/ਧ 452, 308, 323, 324, 294, 506, 427, 148, 149, 201 IPC 25-54-59 Arms Act |
| 2. | ਸਦਰ ਜਗਰਾਉ | ਕਮਲਜੀਤ ਕੌਰ ਪਤਨੀ ਜਤਿੰਦਰ ਸਿੰਘ ਵਾਸੀ ਇਆਲੀ ਕਲਾ ਥਾਣਾ ਸਰਾਭਾ ਨਗਰ, ਜਿਲਾ ਲੁਧਿਆਣਾ | 48 ਮਿਤੀ 22.04.2022 ਅ/ਧ 21,25,61-85 NDPS Act |
| 3. | ਸਿਟੀ ਰਾਏਕੋਟ | ਮਹਿੰਦਰ ਸਿੰਘ ਉਰਫ ਟੀਟੂ ਬਾਣੀਆ ਪੁੱਤਰ ਹਰਨਾਮ ਸਿੰਘ ਵਾਸੀ ਮਕਾਨ ਨੰਬਰ 22-ਬੀ ਮਾਡਲ ਟਾਊਨ ਲੁਧਿਆਣਾ | 23 ਮਿਤੀ 29.04.2024 ਅ/ਧ 379, 411 IPC ਥਾਣਾ ਸਿਟੀ ਰਾਏਕੋਟ |
| 4. | ਸਦਰ ਰਾਏਕੋਟ | 1 ਬਜਰੰਗ ਬਾਸਲ ਉਰਫ ਰਮਨ ਪੁੱਤਰ ਤਰਸੇਮ ਲਾਲ ਵਾਸੀ ਨਿਊ ਬੈਕ ਕਲੋਨੀ ਮੁੱਲਾਪੁਰ ਥਾਣਾ ਦਾਖਾ ਜਿਲਾ ਲੁਧਿਆਣਾ<br>2 ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਜਸਵਿੰਦਰ ਸਿੰਘ ਵਾਸੀ ਗੁਰੂ ਨਾਨਕ ਮਹੁੱਲਾ ਰਾਏਕੋਟ | 74 ਮਿਤੀ 18.07.2024 ਅ/ਧ 21,25-61-85 NDPS Act. ਥਾਣਾ ਸਦਰ ਰਾਏਕੋਟ ਵਾਧਾ ਜੁਰਮ 29 NDPS Act. |
| 5. | ਸੁਧਾਰ | ਸ਼ਹਿਲਪ੍ਰੀਤ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਕੋਕਰੀ ਕਲਾ ਥਾਣਾ ਅਜੀਤਵਾਲ ਜਿਲਾ ਮੋਗਾ | 55 ਮਿਤੀ 28-06-2024 ਅ/ਧ 328,34 IPC |
| 6. | ਸਿੱਧਵਾਂ ਬੇਟ | ਪਰਮਜੀਤ ਕੌਰ ਪਤਨੀ ਪ੍ਰੇਮ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਸਲੇਮਪੁਰ ਟਿੱਬਾ ਜਿਲਾ ਲੁਧਿਆਣਾ | 120 ਮਿਤੀ 19.07.2024 ਅ/ਧ 61-1-14 EX Act |